# ਪੰਜਾਬ ਐਜੂਸੈਟ ਸੁਸਾਇਟੀ

ਈ.ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801-16 ਈ-ਮੇਲ: edusat.punjab@gmail.com

ਵੱਲ,

1. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
3. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/24/2017/ਪੀ.ਈ.ਐਸ/ਕੰਪਲੇਂਟ/2017 8630-32
ਮਿਤੀ: ..10.. ਅਗਸਤ, 2017.

ਵਿਸ਼ਾ: ਐਜੂਸੈਟ ਨੈਟਵਰਕ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਜਰੂਰੀ ਹਦਾਇਤਾਂ।

ਉਪਰੋਕਤ ਵਿਸ਼ੇ ਸਬੰਧੀ ਸਮੇਂ-ਸਮੇਂ ਤੇ ਪੰਜਾਬ ਐਜੂਸੈਟ ਸੁਸਾਇਟੀ ਵੱਲੋਂ ਐਜੂਸੈਟ ਨੈਟਵਰਕ ਦੀ ਸਾਂਭ-ਸੰਭਾਲ ਅਤੇ ਇਸ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਐਜੂਸੈਟ ਸੁਵਿਧਾ ਵਾਲੇ ਸਕੂਲ ਮੁੱਖੀਆਂ ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਪ੍ਰੰਤੂ ਇਹ ਧਿਆਨ ਵਿੱਚ ਆਇਆ ਹੈ ਕਿ ਸਬੰਧਤ ਸਕੂਲਾਂ ਵੱਲੋਂ ਇਹਨਾਂ ਹਦਾਇਤਾਂ ਨੂੰ ਸੁਚਾਰੂ ਰੂਪ ਵਿੱਚ ਲਾਗੂ ਨਹੀਂ ਕੀਤਾ ਜਾ ਰਿਹਾ। ਉਕਤ ਦੇ ਸਨਮੁੱਖ ਹੇਠ ਲਿਖੀਆਂ ਗੱਲਾਂ ਦਾ ਵਿਸ਼ੇਸ਼ ਧਿਆਨ ਦਿੱਤਾ ਜਾਵੇ।

2.0 ਐਜੂਸੈਟ ਆਰ.ਓ.ਟੀ ਰੂਮ ਵਿੱਚ ਸ਼ਡਿਊਲ ਅਨੁਸਾਰ, ਸਬੰਧਤ ਪੀਰੀਅਡ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ, ਜਿਸ ਵਿੱਚ ਪ੍ਰੋਗਰਾਮ ਅਟੈਂਡ ਕਰ ਰਹੇ ਵਿੱਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ। ਸਕੂਲ ਮੁੱਖੀ ਰੋਜਾਨਾ ਐਜੂਸੈਟ ਰਜਿਸਟਰ ਵਿੱਚ ਸ਼ਡਿਊਲ ਮੁਤਾਬਿਕ ਨਸ਼ਰ ਕੀਤੇ ਗਏ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ।

3.0 ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਅਤੇ ਐਜੂਸੈਟ ਟਾਈਮ ਟੇਬਲ ਦੀ ਕਾਪੀ ਐਜੂਸੈਟ ਕਮਰੇ ਵਿੱਚ ਉਪਲੱਬਧ ਕਰਵਾਈ ਜਾਵੇ ਅਤੇ ਸ਼ਡਿਊਲ ਹਰ ਰੋਜ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਜਾਵੇ।

4.0 ਇਹ ਧਿਆਨ ਵਿੱਚ ਆਇਆ ਹੈ ਕਿ ਕੁਝ ਜਿਲ੍ਹਿਆਂ ਦੇ ਐਜੂਸੈਟ ਪ੍ਰੋਗਰਾਮਾਂ ਦਾ ਫੀਡਬੈਕ ਰੈਗੂਲਰ ਤੌਰ ਤੇ ਨਹੀਂ ਭੇਜੀ ਜਾ ਰਹੀ ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਇਹਨਾਂ ਪ੍ਰੋਗਰਾਮਾਂ ਦੀ ਫੀਡਬੈਕ ਲਿੰਕ http://goo.gl/forms/FTN8oQjnpp ਤੇ ਰੋਜਾਨਾ ਭੇਜੀ ਜਾਵੇ।

5.0 ਇਸ ਦਫਤਰ ਦੇ ਪੱਤਰ ਨੰ. 24/24/2008/ਪੀ.ਈ.ਐਸ/ਆਰ.ਓ.ਟੀ/ਕੰਪਲੇਟਸ/20178122, ਮਿਤੀ 28.07.2017 ਰਾਹੀਂ ਈ-ਲਾਇਬਰੇਰੀ ਅਤੇ ਆਰ.ਓ.ਟੀ ਦੀ ਰਿਪੇਅਰ/ਮੇਨਟੇਨੈਂਸ ਅਮਲਗਾਮੇਟਿਡ ਫੰਡਜ਼ ਵਿੱਚੋਂ ਕਰਵਾਉਣ ਲਈ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਐਜੂਸੈਟ ਸੁਵਿਧਾ ਵਾਲੇ ਸਕੂਲ ਮੁੱਖੀ ਐਜੂਸੈਟ ਨਾਲ ਸਬੰਧਤ ਖਰਾਬ ਉਪਕਰਣ ਦੀ ਰਿਪੋਰਟ ਲਿੰਕ https://goo.gl/forms/51SWpPYkEB ਅਤੇ ਉਪਕਰਣ ਆਪਣੇ ਪੱਧਰ ਤੇ ਠੀਕ ਕਰਵਾਉਣ ਉਪਰੰਤ ਇਸ ਦੀ ਰਿਪੋਰਟ ਲਿੰਕ https://goo.gl/forms/hI7u8CMMgf ਤੇ ਅੱਪਡੇਟ ਕਰਨਗੇ। ਸਮੂਹ ਜਿਲ੍ਹਾ ਸਿੱਖਿਆ ਅਫਸਰ ਇਹ ਯਕੀਨੀ ਬਣਾਉਣਗੇ ਕਿ ਆਪਣੇ ਜਿਲ੍ਹੇ ਨਾਲ ਸਬੰਧਤ ਕੁੱਲ ਐਜੂਸੈਟ ਆਰ.ਓ.ਟੀ/ਈ-ਲਾਇਬਰੇਰੀਆਂ, ਖਰਾਬ ਆਰ.ਓ.ਟੀ/ਈ-ਲਾਇਬਰੇਰੀਆਂ ਅਤੇ ਠੀਕ ਕਰਵਾਈਆਂ ਆਰ.ਓ.ਟੀ/ਈ-ਲਾਇਬਰੇਰੀਆਂ ਦੀ ਮਹੀਨਾਵਾਰ ਰਿਪੋਰਟ ਇਸ ਦਫਤਰ ਨੂੰ ਭੇਜਣਗੇ।

6.0 ਐਜੂਸੈਟ ਉਪਕਰਣ ਚੋਰੀ ਹੋਣ ਦੀ ਸੂਰਤ ਵਿੱਚ ਇਸ ਦੀ ਐਫ.ਆਈ.ਆਰ ਜਿਲ੍ਹਾ ਪੁਲਿਸ ਪ੍ਰਸਾਸ਼ਨ ਨਾਲ ਤਾਲਮੇਲ ਕਰਕੇ ਤੁਰੰਤ ਦਰਜ ਕਰਵਾਈ ਜਾਵੇ, ਪਹਿਲਾਂ ਤੋਂ ਚੋਰੀ ਦੇ ਕੇਸਾ ਦੀ ਐਨ.ਟੀ.ਆਰ ਵੀ ਉਪਲਬਧ ਕਰਵਾਈ ਜਾਵੇ ਅਤੇ ਇਸ ਦੀ ਸੂਚਨਾ ਮੁੱਖ ਦਫਤਰ ਨੂੰ ਵੀ ਭੇਜੀ ਜਾਵੇ।

7.0 ਐਜੂਸੈਟ ਲਾਇਬਰੇਰੀ ਅਤੇ ਆਰ.ਓ.ਟੀ ਦੇ ਸਟਾਕ ਦੀ ਫਿਜੀਕਲ ਵੈਰੀਫਿਕੇਸ਼ਨ ਕੀਤੀ ਜਾਵੇ ਅਤੇ ਇਸ ਦਾ ਇੰਦਰਾਜ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ।

8.0 ਇਹ ਯਕੀਨੀ ਬਣਾਇਆ ਜਾਵੇ ਕਿ ਐਜੂਸੈਟ ਅਧੀਨ ਮੁਹੱਈਆ ਕਰਵਾਏ ਗਏ ਉਪਕਰਣ ਜਿਸ ਮਕਸੱਦ ਲਈ ਉਪਲੱਬਧ ਕਰਾਏ ਗਏ ਹਨ, ਨਿਰੋਲ ਉਸੇ ਕੰਮ ਲਈ ਵਰਤੇ ਜਾਣ। ਵਿਦਿਆਰਥੀਆਂ ਦੀ ਪੜ੍ਹਾਈ ਤੋਂ ਇਲਾਵਾ ਕਿਸੇ ਵੀ ਹੋਰ ਕੰਮ ਲਈ ਨਾ ਵਰਤੇ ਜਾਣ।

9.0 ਇਹ ਧਿਆਨ ਵਿੱਚ ਆਇਆ ਹੈ ਕਿ ਕੁਝ ਸਕੂਲਾਂ ਵਿੱਚ ਐਜੂਸੈਟ ਉਪਰਕਣ (ਆਰ.ਓ.ਟੀ/ਈ-ਲਾਇਬਰੇਰੀ) ਅਨਇੰਸਟਾਲ ਪਏ ਹੋਏ ਹਨ, ਜਿਸ ਬਾਰੇ ਸਕੂਲ ਮੁੱਖੀਆਂ ਵੱਲੋਂ ਇਸ ਦਫਤਰ ਨੂੰ ਸੂਚਿਤ ਨਹੀਂ ਕੀਤਾ ਜਾਂਦਾ। ਇਸ ਸਬੰਧੀ ਅਜਿਹਾ ਕੋਈ ਕੇਸ ਹੈ ਤਾਂ ਇਸ ਦਫਤਰ ਨੂੰ ਤਰੰਤ ਸੂਚਿਤ ਕੀਤਾ ਜਾਵੇ।

10.0 ਐਜੂਸੈਟ ਸੁਸਾਇਟੀ ਵੱਲੋਂ ਸਮੇਂ ਸਮੇਂ ਤੇ ਵੱਖ-ਵੱਖ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਵਿੱਚੋਂ 1003 ਜਨਰੇਟਰ ਸੈਟ ਮੁਹੱਈਆ ਕਰਵਾਏ ਗਏ ਸਨ ਅਤੇ ਸਮੇਂ-ਸਮੇਂ ਤੇ POL Cost ਵੱਜੋਂ 5000/- ਰੁਪਏ ਦੀ ਰਾਸ਼ੀ ਪ੍ਰਤੀ ਸਕੂਲ ਜਾਰੀ ਕੀਤੀ ਗਈ ਸੀ, ਜਿਸ ਦੇ ਵਰਤੋਂ ਸਰਟੀਫਿਕੇਟ ਹਾਲੇ ਤੱਕ ਇਸ ਦਫਤਰ ਨੂੰ ਭੇਜੇ ਨਹੀਂ ਗਏ। ਇਸ ਦੇ ਵਰਤੋਂ ਸਰਟੀਫਿਕੇਟ ਤੁਰੰਤ ਇਸ ਦਫਤਰ ਨੂੰ ਮੁਹੱਈਆ ਕਰਵਾਏ ਜਾਣ। ਇਸ ਤੋਂ ਇਲਾਵਾ ਜਿਲ੍ਹਾ ਸਿੱਖਿਆ ਅਫਸਰ ਲੋੜ ਅਨੁਸਾਰ ਇਹ ਜੈਨਸੈਟ ਆਪਣੇ ਜਿਲ੍ਹੇ ਨਾਲ ਸਬੰਧਤ ਲੋੜੀਂਦੇ ਸਕੂਲ ਵਿੱਚ ਸ਼ਿਫਟ ਕਰ ਸਕਦੇ ਹਨ, ਪ੍ਰੰਤੂ ਇਸ ਦਾ ਰਿਕਾਰਡ ਰੱਖਿਆ ਜਾਵੇ ਅਤੇ ਇਸ ਦੀ ਕਾਪੀ ਮੁੱਖ ਦਫਤਰ ਨੂੰ ਭੇਜੀ ਜਾਵੇ।

11.0 ਐਜੂਸੈਟ ਪ੍ਰੋਗਰਾਮ ਨੂੰ ਦੇਖਣ ਲਈ, ਜਿਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਜਿਆਦਾ ਹੈ, ਸਕੂਲ ਮੁੱਖੀ ਆਪਣੇ ਪੱਧਰ ਤੇ ਆਪਣੀ ਨਿਗਰਾਨੀ ਹੇਠ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਆਰ.ਓ.ਟੀ ਨੂੰ ਵੱਡੇ ਕਮਰੇ ਵਿੱਚ ਸ਼ਿਫਟ ਕਰ ਸਕਦਾ ਹੈ।

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਉਣਗੇ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/24/2017/ਪੀ.ਈ.ਐਸ/ਕੰਪਲੇਂਟ/2078633 ਮਿਤੀ: 10/08/2017.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਸਮੂਹ ਜਿਲ੍ਹਿਆਂ ਨਾਲ ਸਬੰਧਤ ਇੰਸਪੈਕਸ਼ਨ ਟੀਮ (ਜਿਲ੍ਹਾ ਸਾਇੰਸ ਸੁਪਵਾਈਜ਼ਰਸ) ਨੂੰ ਇਸ ਦਾ ਉਤਾਰਾ ਭੇਜ ਕੇ ਲਿਖਿਆ ਜਾਂਦਾ ਹੈ ਕਿ ਨਿਰੀਖਣ ਕੀਤੇ ਗਏ ਸਕੂਲਾਂ ਵਿੱਚ ਉਕਤ ਹਦਾਇਤਾਂ ਦੇ ਸਨਮੁੱਖ ਐਜੂਸੈਟ ਨਾਲ ਸਬੰਧਤ ਰਿਪੋਰਟ ਦੀ ਇੱਕ ਕਾਪੀ ਇਸ ਦਫਤਰ ਨੂੰ ਵੀ ਭੇਜੀ ਜਾਵੇ।
4. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲਬਧ ਕਰਾਉਣ ਹਿੱਤ।

10/8/17

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ